Alberta

# ਨਿਊਜ਼ ਰਿਲੀਜ਼

## ਸਹੀ ਕੀਤਾ ਗਿਆ: ਪੇਰੈਂਟ ਪੇਮੈਂਟ ਪੋਰਟਲ ਹੁਣ ਖੁੱਲ੍ਹਾ ਹੈ

14 ਅਕਤੂਬਰ 2025 ਮੀਡੀਆ ਇੰਨਕੁਆਰੀਆਂ

### ਅਧਿਆਪਕਾਂ ਦੀ ਹੜਤਾਲ ਦੁਆਰਾ ਪ੍ਰਭਾਵਤ ਐਲਬਰਟਾ ਦੇ ਪਰਿਵਾਰਾਂ ਦੀ ਸਹਾਇਤਾ ਕਰਨ ਲਈ ਮਾਪਿਆਂ ਨੂੰ ਅਦਾਇਗੀ ਦੇ ਪ੍ਰੋਗਰਾਮ ਵਾਸਤੇ ਅਰਜ਼ੀਆਂ ਹੁਣ ਖੁੱਲ੍ਹੀਆਂ ਹਨ।

ਚੱਲ ਰਹੀ ਲੇਬਰ ਕਾਰਵਾਈ/ਹੜਤਾਲ ਕਾਰਨ ਬੱਚੇ ਜਦੋਂ ਘਰ ਹਨ, ਪਰਿਵਾਰਾਂ ਨੂੰ ਦਰਪੇਸ਼ ਵਾਧੂ ਖਰਚਿਆਂ ਨੂੰ ਸੁਖਾਲਿਆਂ ਕਰਨ 'ਚ ਮਦਦ ਵਾਸਤੇ, ਐਲਬਰਟਾ ਸਰਕਾਰ ਮਾਪਿਆਂ ਨੂੰ ਅਦਾਇਗੀ ਦਾ ਪ੍ਰੋਗਰਾਮ (ਪੇਰੈਂਟ ਪੇਮੈਂਟ ਪ੍ਰੋਗਰਾਮ) ਸ਼ੁਰੂ ਕਰ ਰਹੀ ਹੈ, ਜਿਸ ਤਹਿਤ ਹੜਤਾਲ ਕਾਰਨ ਵਿਘਨ ਦੇ ਸਮੇਂ ਦੌਰਾਨ 30 ਡਾਲਰ ਪ੍ਰਤਿ ਦਿਨ, ਪ੍ਰਤਿ ਵਿਦਿਆਰਥੀ ਮੁਹੱਈਆ ਕੀਤੇ ਜਾਣਗੇ।

ਪੇਰੈਂਟ ਪੇਮੈਂਟ ਪੋਰਟਲ ਤੱਕ ਪਹੁੰਚ ਕਰਨ ਦੇ ਕੇਵਲ ਤਰੀਕੇ parentpayment.Alberta.ca 'ਤੇ ਜਾਣਾ ਜਾਂ Alberta.ca ' ਤੇ ਦਿੱਤੇ ਲਿੰਕ 'ਤੇ ਕਲਿੱਕ ਕਰਨਾਂ ਹਨ।

14 ਅਕਤੂਬਰ ਤੋਂ ਸ਼ੁਰੂ ਕਰਦਿਆਂ ਮਾਪਿਆਂ ਨੂੰ ਅਦਾਇਗੀ ਪ੍ਰੋਗਰਾਮ ਵਾਸਤੇ ਪਰਿਵਾਰ Alberta.ca 'ਤੇ ਜਾ ਕੇ ਅਰਜ਼ੀ ਦੇ ਸਕਦੇ ਹਨ।

ਅਦਾਇਗੀਆਂ ਉਨ੍ਹਾਂ ਮਾਪਿਆਂ ਜਾਂ ਸਰਪ੍ਰਸਤਾਂ ਵਾਸਤੇ ਉਪਲਬਧ ਹਨ ਜਿਹੜੇ ਕਿਸੇ ਪਬਲਿਕ, ਕੈਥੋਲਿਕ ਜਾਂ ਫਰੈਂਕੋਫੋਨ ਸਕੂਲ ਜਾ ਰਹੇ 12 ਸਾਲ ਜਾਂ ਘੱਟ ਉਮਰ ਦੇ ਵਿਦਿਆਰਥੀਆਂ ਦੇ ਮਾਪੇ ਜਾਂ ਸਰਪ੍ਰਸਤ ਹਨ, ਜਿੰਨ੍ਹਾਂ ਵਿਦਿਆਰਥੀਆਂ ਦੇ ਸਕੂਲ ਹੜਤਾਲ ਕਾਰਨ ਵਿਘਨ ਤੋਂ ਪ੍ਰਭਾਵਤ ਹਨ, ਅਤੇ ਇਹ ਅਦਾਇਗੀਆਂ ਚਾਈਲਡ ਕੇਅਰ, ਟਿਊਟਰਿੰਗ ਜਾਂ ਸਿੱਖਣ ਦੀਆਂ ਹੋਰ ਕਾਰਵਾਈਆਂ ਕਾਰਨ ਹੋਣ ਵਾਲੇ ਵਾਧੂ ਖਰਚਿਆਂ ਦੀ ਭਾਰਪਾਈ ਵਾਸਤੇ ਹਨ, ਜਦੋਂ ਵਿਦਿਆਰਥੀ ਸਕੂਲ ਜਾ ਸਕਣ ਦੇ ਯੋਗ ਨਹੀਂ ਹੋਣਗੇ। ਉਨ੍ਹਾਂ ਬੱਚਿਆਂ ਦੇ ਪਰਿਵਾਰਾਂ ਵਾਸਤੇ ਵਧੀਕ ਸਹਾਇਤਾ ਉਪਲਬਧ ਹੈ, ਜਿੰਨ੍ਹਾਂ ਪਰਿਵਾਰਾਂ ਨਾਲ ਫੈਮਿਲੀ ਸੁਪੋਰਟ ਫਾਰ ਚਿਲਡਰਨ ਵਿਦ ਡਿਸਏਬਿਲਿਟੀਜ਼ (FSCD) ਦੇ ਐਗਰੀਮੈਂਟ ਕਿਰਿਆਸ਼ੀਲ ਹਨ ਤੇ ਜਿੰਨ੍ਹਾਂ ਦੇ ਬੱਚੇ ਅਧਿਆਪਕਾਂ ਦੀ ਹੜਤਾਲ ਤੋਂ ਪ੍ਰਭਾਵਤ ਸਕੂਲਾਂ 'ਚ ਦਾਖਲ ਹਨ। ਪਰਿਵਾਰਾਂ ਨੂੰ, ਜਦੋਂ ਆਪਣੇ ਬੱਚੇ ਦੀ FSCD ਫਾਈਲ ਦਾ ਆਈ ਡੀ ਨੰਬਰ

Classification: Public

ਮੁਹੱਈਆ ਕਰਨ ਵਾਸਤੇ ਆਖਿਆ ਜਾਵੇਗਾ, ਜਿਹੜਾ ਉਨ੍ਹਾਂ ਦੇ FSCD ਐਗਰੀਮੈਂਟ 'ਤੇ ਮਿਲੇਗਾ, ਪਰੰਤੂ ਅਰਜ਼ੀ ਦੇ ਕਿਸੇ ਵੱਖਰੇ ਅਮਲ ਦੀ ਜ਼ਰੂਰਤ ਨਹੀਂ ਹੈ।

12 ਸਾਲ ਜਾਂ ਘੱਟ ਉਮਰ ਦੇ ਬੱਚਿਆਂ ਦੇ ਮਾਪੇ, ਜਿੰਨ੍ਹਾਂ ਦੇ ਕਰਜਸ਼ੀਲ FSCD ਐਗਰੀਮੈਂਟ ਹਨ, ਸਕੂਲ ਦੇ ਹਰ ਦਿਨ ਲਈ ਪ੍ਰਤਿ ਬੱਚਾ 30 ਡਾਲਰ ਵਧੀਕ ਲੈਣ ਲਈ ਯੋਗ ਬਣਦੇ ਹਨ। ਪੇਰੈਂਟ ਪੇਮੈਂਟ ਪ੍ਰੋਗਰਾਮ ਦੀਆਂ ਅਦਾਇਗੀਆਂ ਨਾਲ ਮਿਲਾ ਕੇ ਪੰਜ ਦਿਨਾਂ ਦੇ ਸਕੂਲੀ ਹਫਤੇ ਲਈ ਕੁੱਲ 300 ਡਾਲਰ ਬਣ ਜਾਂਦੇ ਹਨ।

13 ਤੋਂ 17 ਸਾਲ ਤੱਕ ਦੀ ਉਮਰ ਦੇ ਬੱਚਿਆਂ ਦੇ ਮਾਪੇ ਜਿੰਨ੍ਹਾਂ ਦੇ ਕਾਰਜਸ਼ੀਲ FSCD ਐਗਰੀਮੈਂਟ ਹਨ, ਸਕੂਲ ਦੇ ਪੜ੍ਹਾਈ ਦੇ ਹਰੇਕ ਦਿਨ ਲਈ 60 ਡਾਲਰ ਪ੍ਰਤਿ ਬੱਚਾ ਲੈਣ ਦੇ ਯੋਗ ਹਨ, ਇਹ ਪੰਜ ਦਿਨਾਂ ਦੇ ਸਕੂਲੀ ਹਫਤੇ ਲਈ ਕੁੱਲ 300 ਡਾਲਰ ਬਣਦੇ ਹਨ।

ਹੜਤਾਲ ਦੇ ਸਮੇਂ ਦੌਰਾਨ ਪੈਸਿਆਂ ਦੀਆਂ ਅਦਾਇਗੀਆਂ ਹਰੇਕ ਮਹੀਨੇ ਦੇ ਆਖਰੀ ਦਿਨ ਕੀਤੀਆਂ ਜਾਣਗੀਆਂ ਅਤੇ ਇਹ 6 ਅਕਤੂਬਰ ਤੋਂ ਗਿਣੀਆਂ ਜਾਣਗੀਆਂ। ਪਹਿਲੀ ਅਦਾਇਗੀ ਈ-ਟ੍ਰਾਂਸਫਰ ਦੁਆਰਾ 31 ਅਕਤੂਬਰ ਨੂੰ ਜਾਰੀ ਕੀਤੀ ਜਾਵੇਗੀ।

**ਯੋਗਤਾ**

ਮਾਪਿਆਂ ਲਈ ਅਦਾਇਗੀ ਦੇ ਪ੍ਰੋਗਰਾਮ ਵਾਸਤੇ ਯੋਗ ਹੋਣ ਲਈ ਹੇਠ ਲਿਖਿਆ ਮਾਪਦੰਡ ਜ਼ਰੂਰ ਪੂਰਾ ਹੋਣਾ ਚਾਹੀਦਾ ਹੈ:

- ਤੁਸੀਂ ਜ਼ਰੂਰ 12 ਸਾਲ ਜਾਂ ਘੱਟ ਉਮਰ ਦੇ ਬੱਚੇ ਦੇ ਮਾਪੇ/ਸਰਪ੍ਰਸਤ ਹੋਵੋ।
- ਤੁਹਾਡਾ ਬੱਚਾ ਜ਼ਰੂਰ ਕਿਸੇ ਪਬਲਿਕ, ਕੈਥੋਲਿਕ ਜਾਂ ਫਰੈਂਕੋਫੋਨ ਸਕੂਲ ਵਿਚ ਦਾਖਲ ਹੋਇਆ ਹੋਵੇ।
- ਤੁਸੀਂ ਅਤੇ ਤੁਹਾਡਾ ਬੱਚਾ ਜ਼ਰੂਰ ਐਲਬਰਟਾ ਦੇ ਵਸਨੀਕ ਹੋਵੋ।

ਸਾਂਭ-ਸੰਭਾਲ ਦੀਆਂ ਜਟਿੱਲ ਪ੍ਰਕਾਰ ਦੀਆਂ ਜ਼ਰੂਰਤਾਂ ਵਾਲੇ ਬੱਚਿਆਂ ਦੇ ਮਾਪਿਆਂ ਵਾਸਤੇ ਉਪਲਬਧ ਵਧੀਕ ਸਹਾਇਤਾ ਵਾਸਤੇ ਯੋਗ ਬਣਨ ਲਈ ਹੇਠ ਲਿਖਿਆ ਵਧੀਕ ਮਾਪਦੰਡ ਜ਼ਰੂਰ ਪੂਰਾ ਹੋਣਾ ਚਾਹੀਦਾ ਹੈ:

- ਤੁਸੀਂ ਜ਼ਰੂਰ 17 ਸਾਲ ਜਾਂ ਘੱਟ ਉਮਰ ਦੇ ਬੱਚੇ ਦੇ ਮਾਪੇ/ਸਰਪ੍ਰਸਤ ਹੋਵੋ, ਜਿੰਨ੍ਹਾਂ ਦਾ ਕਾਰਜਸ਼ੀਲ FSCD ਐਗਰੀਮੈਂਟ ਹੋਵੇ।

ਮਾਪਿਆਂ ਦੀਆਂ ਅਰਜ਼ੀਆਂ ਦੀ ਜਾਂਚ-ਪੜਤਾਲ ਹੋਵੇਗੀ ਅਤੇ ਇਹ ਯਕੀਨੀ ਬਣਾਉਣ ਲਈ ਕਿ ਮਾਪਦੰਡ ਪੂਰਾ

ਹੁੰਦਾ ਹੈ, ਅਰਜ਼ੀਆਂ ਪ੍ਰਮਾਣਿਤ ਕੀਤੀਆਂ ਜਾਣਗੀਆਂ। ਮਾਪਿਆਂ ਲਈ ਅਦਾਇਗੀ ਦੇ ਪ੍ਰੋਗਰਾਮ ਲਈ ਮਾਪਿਆਂ/ਸਰਪ੍ਰਸਤਾਂ 'ਚੋਂ ਪ੍ਰਤਿ ਬੱਚਾ ਕੇਵਲ ਇਕ ਜਣਾ ਯੋਗ ਹੋਵੇਗਾ।

## ਅਰਜ਼ੀ ਕਿਵੇਂ ਦੇਣੀ ਹੈ

- **ਪੜਾਅ 1.** ਆਪਣੇ ਪੁਸ਼ਟੀ ਕੀਤੇ ਗਏ Alberta.ca Account 'ਚ ਲਾਗ ਇੰਨ ਕਰੋ/ਜਾਵੋ।
    - ਜੇਕਰ ਤੁਹਾਡਾ ਅਕਾਊਂਟ ਨਹੀਂ ਹੈ ਤਾਂ Sign up for an Alberta.ca Account ਲਈ ਸਾਈਨ ਅੱਪ ਕਰੋ।
- **ਪੜਾਅ 2.** ਮਾਪਿਆਂ ਵਾਲੇ ਪੋਰਟਲ: Parent Payment Program 'ਤੇ ਰਜਿਸਟਰ ਹੋਵੋ।

## ਫੌਰੀ ਤੱਥ

- ਮਾਪਿਆਂ ਲਈ ਅਦਾਇਗੀਆਂ ਟੈਕਸਯੋਗ ਨਹੀਂ ਹਨ ਅਤੇ ਕਿਸੇ ਮੌਜੂਦਾ ਬੈਨੇਫਿਟ 'ਤੇ ਅਸਰ ਨਹੀਂ ਪਾਉਣਗੀਆਂ। ਪਰਿਵਾਰਾਂ ਨੂੰ ਇਹ ਪੈਸੇ ਵਾਪਸ ਕਰਨ ਦੀ ਜ਼ਰੂਰਤ ਨਹੀਂ ਹੈ।
- ਅਦਾਇਗੀਆਂ ਇੰਟਰੈਕ ਈ-ਟ੍ਰਾਂਸਫਰ ਦੁਆਰਾ ਜਾਰੀ ਕੀਤੀਆਂ ਜਾਣਗੀਆਂ।
- ਪੇਰੈਂਟ ਪੇਮੈਂਟ ਪ੍ਰੋਗਰਾਮ ਲਈ ਪ੍ਰਤਿ ਬੱਚਾ ਕੇਵਲ ਇਕ ਮਾਪਾ ਜਾਂ ਸਰਪ੍ਰਸਤ ਯੋਗ ਹੋਵੇਗਾ।
- ਇਹ ਵਿੱਤੀ ਸਹਾਇਤਾ ਨਵੀਂ ਫੰਡਿੰਗ ਨਹੀਂ ਹਨ। ਪਰਿਵਾਰਾਂ ਦੀ ਸਹਾਇਤਾ ਲਈ ਇਹ ਉਹ ਪੈਸੇ ਹਨ ਜਿਹੜੇ ਅਧਿਆਪਕਾਂ ਦੀਆਂ ਤਨਖਾਹਾਂ 'ਚੋਂ ਭੇਜੇ ਜਾਣਗੇ, ਜਿਹੜੀਆਂ ਤਨਖਾਹਾਂ ਹੜਤਾਲ ਦੇ ਸਮੇਂ ਦੌਰਾਨ ਦਿੱਤੀਆਂ ਨਹੀਂ ਜਾਣਗੀਆਂ।

## ਸਬੰਧਤ ਜਾਣਕਾਰੀ

- Parent supports during school closure
- About Alberta.ca Account

## ਮੀਡੀਆ ਇੰਨਕੁਆਰੀਆਂ

**Garrett Koehler**

780-554-5777
ਪ੍ਰੈੱਸ ਸੈਕਰੇਟਰੀ, ਐਜੂਕੇਸ਼ਨ ਐਂਡ ਚਾਈਲਡਕੇਅਰ